ਪੰਜਾਬ ਵਿਧਾਨ ਸਭਾ ਸਕੱਤਰੇਤ

ਵੀਰਵਾਰ, ਮਿਤੀ 14 ਫਰਵਰੀ, 2019 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ।

13.2.18

Under Secretary
Punjab Vidhan Sabha
Chandigarh

**ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਦੇਣਾ**

237. **1. ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ, ਐਮ.ਐਲ.ਏ.)**

**2. ਸਰਦਾਰ ਕੰਵਰ ਸੰਧੂ, ਐਮ.ਐਲ.ਏ.)** :- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸਾਲ 1986 ਵਿੱਚ ਨਕੋਦਰ (ਜ਼ਿਲ੍ਹਾਂ ਜਲੰਧਰ) ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 5 ਸਰੂਪਾਂ ਦੇ ਅਗਨ ਭੇਟ ਹੋਣ ਅਤੇ ਬੇਅਦਬੀਆਂ ਦੇ ਵਿਰੁੱਧ ਰੋਸ ਪ੍ਰਗਟਾ ਰਹੇ ਚਾਰ ਸਿੱਖ ਨੌਜਵਾਨ ਪੁਲਿਸ ਦੀਆਂ ਗੋਲੀਆਂ ਨਾਲ ਮਾਰੇ ਗਏ ਸਨ ਅਤੇ ਉਨ੍ਹਾਂ ਨੌਜਵਾਨਾਂ ਦੀਆਂ ਮ੍ਰਿਤਕ ਦੇਹਾਂ ਦਾ ਸੰਸਕਾਰ, ਸਰਕਾਰ ਦੇ ਹੁਕਮਾਂ ਦੇ ਵਿਰੁੱਧ, ਪੁਲਿਸ ਵੱਲੋਂ ਕਰ ਦਿੱਤਾ ਗਿਆ ਸੀ;

ਅ) ਕੀ ਇਹ ਵੀ ਠੀਕ ਹੈ ਕਿ ਇਸ ਮਾਮਲੇ ਦੀ ਇੰਨਕੁਆਰੀ ਕਰਨ ਲਈ ਪੰਜਾਬ ਸਰਕਾਰ ਦੁਆਰਾ 5 ਫ਼ਰਵਰੀ, 1986 ਨੂੰ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਬਿਠਾਇਆ ਗਿਆ ਸੀ ਜਿਸ ਨੇ ਆਪਣੀ ਰਿਪੋਰਟ 29 ਮਾਰਚ, 1987 ਨੂੰ ਸਰਕਾਰ ਨੂੰ ਸੌਂਪ ਦਿੱਤੀ ਸੀ;

ੲ) ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ?

**ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਅਧੀਨ ਮੈਂਬਰ ਬਨਣ ਉਪਰੰਤ ਲਾਭਪਾਤਰੀਆਂ ਨੂੰ ਮਿਲਣ ਵਾਲੀਆਂ ਯੋਜਨਾਵਾਂ/ਸਕੀਮਾਂ ਸਬੰਧੀ**

238 . **ਸ੍ਰੀ ਅਮਨ ਅਰੋੜਾ, ਐਮ.ਐਲ.ਏ.**:– ਕੀ ਕਿਰਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ:-

ੳ) ਰੈਗੂਲੇਸ਼ਨ ਇੰਪਲਾਇਮੈਂਟ ਐਂਡ ਕੰਡੀਸ਼ਨਜ਼ ਆਫ ਸਰਵਿਸ ਐਕਟ 1996 ਅਧੀਨ ਬਣਾਏ ਗਏ ਪੰਜਾਬ ਰੂਲਜ਼ 2008 ਦੇ ਰੂਲ ਨੰਬਰ 265 (ਲਾਲ ਕਾਪੀ) ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਅਧੀਨ ਮੈਂਬਰ ਬਣਨ ਉਪਰੰਤ ਕਿੰਨੀਆਂ ਅਤੇ ਕਿਹੜੀਆਂ ਯੋਜਨਾਵਾਂ/ਸਕੀਮਾਂ ਲਾਭਪਾਤਰੀਆਂ ਨੂੰ ਮਿਲਦੀਆਂ ਹਨ;

ਅ) ਇਹਨਾਂ ਸਕੀਮਾਂ/ਯੋਜਨਾਵਾਂ ਦਾ ਵੇਰਵਾ ਤੇ ਲਾਭ ਦੀ ਰਕਮ ਕਿੰਨੀ ਹੈ;

ੲ) ਪਿੱਛਲੇ 3 ਸਾਲਾਂ ਵਿਚ (2016-17, 2017-18 ਅਤੇ 2018-19) ਤੱਕ ਕਿੰਨੇ ਲਾਭਪਾਤਰੀਆਂ ਨੇ ਸਰਕਾਰ ਕੋਲ ਇਹਨਾਂ ਸਕੀਮਾਂ ਤੇ ਲਾਭ ਲੈਣ ਲਈ ਅਰਜੀਆਂ ਦਿੱਤੀਆਂ ਹਨ ਅਤੇ ਉਹਨਾਂ ਨੂੰ ਕਿੰਨੀ ਰਕਮ ਸਲਾਨਾ ਭੇਜੀ ਗਈ ਹੈ ਅਤੇ ਕਿੰਨੀ ਬਕਾਇਆ ਹੈ;

ਸ) ਇਸ ਸਕੀਮ ਅਧੀਨ ਲਾਭਪਾਤਰੀਆਂ ਨੂੰ ਪੈਸਾ ਜਾਰੀ ਕਰਨ ਦਾ ਕੀ ਪ੍ਰੋਸੈਸ ਹੈ;

ਹ) ਪਿੱਛਲੇ 3 ਸਾਲਾਂ (2016-17, 2017-18 ਅਤੇ 2018-19) ਵਿਚ ਹੱਕਦਾਰ ਲਾਭਪਾਤਰੀਆਂ ਦੀਆਂ ਅਰਜੀਆਂ ਪਾਸ ਕਰਕੇ ਪੇਮੈਂਟ ਦੇਣ ਦੀਆਂ ਸਿਫਾਰਿਸ਼ਾਂ ਕਰਨ ਲਈ ਬਲਾਕ/ਜਿਲ੍ਹਾ ਪੱਧਰ ਤੇ ਕਿੰਨੀਆਂ ਮੀਟਿੰਗਾਂ ਹੋਈਆਂ ਹਨ;

ਕ) ਸਰਕਾਰ/ਮਹਿਕਮੇ ਕੋਲ ਇਸ ਸਕੀਮ ਅਧੀਨ 31-12-2018 ਤੱਕ ਕਿੰਨੀ ਰਕਮ ਜਮ੍ਹਾਂ ਪਈ ਹੈ;

ਖ) ਇਸ ਐਕਟ/ਸਕੀਮ ਦੀਆਂ ਹਦਾਇਤਾਂ ਮੁਤਾਬਿਕ ਇਹਨਾਂ ਲਾਭਪਾਤਰੀਆਂ ਦੀਆਂ ਅਰਜੀਆਂ ਨੂੰ ਪਾਸ ਕਰਨ ਲਈ ਬਲਾਕ/ਜਿਲ੍ਹਾ ਪੱਧਰ ਉੱਤੇ ਮੀਟਿੰਗ ਕਿੰਨੀ ਦੇਰ ਬਾਅਦ ਹੁੰਦੀ ਹੈ?

**ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ ਵੱਲੋਂ ਕਲਰਕਾਂ ਦੀ ਭਰਤੀ ਸਬੰਧੀ**

**248. ਸ੍ਰੀ ਅਮਨ ਅਰੋੜਾ, ਐਮ.ਐਲ.ਏ**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ ਵੱਲੋਂ ਇਸ਼ਤਿਹਾਰ ਨੰਬਰ 4/2016 ਰਾਹੀਂ ਕਲਰਕਾਂ ਦੀਆਂ 1883 ਅਸਾਮੀਆਂ ਕੱਢੀਆਂ ਗਈਆਂ ਸਨ;

ਅ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਅਸਾਮੀਆਂ ਲਈ ਲਿਖਤੀ ਟੈਸਟ ਅਤੇ ਟਾਈਪਿੰਗ ਟੈਸਟ ਲਿਆ ਗਿਆ ਸੀ ਜਿਸ ਵਿਚ 4279 ਉਮੀਦਵਾਰ ਕਾਮਯਾਬ ਹੋਏ ਸਨ;

ੲ) ਕੀ ਕਲਰਕਾਂ ਦੀਆਂ ਇਸ਼ਤਿਹਾਰ ਵਿੱਚ ਦਿੱਤੀਆਂ ਗਈਆਂ ਅਸਾਮੀਆਂ ਨੂੰ ਵਧਾਉਣ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ;

ਸ) ਉਪਰੋਕਤ ਵਰਣਿਤ ਪਾਸ ਹੋਏ ਉਮੀਦਵਾਰਾਂ ਨੂੰ ਕਦੋਂ ਤੱਕ ਨਿਯੁਕਤੀ ਪੱਤਰ ਦਿੱਤੇ ਜਾਣ ਦੀ ਸੰਭਾਵਨਾ ਹੈ?

**ਸਰਵ ਸਿੱਖਿਆ ਅਭਿਆਨ ਸੁਸਾਇਟੀ ਅਧੀਨ ਠੇਕਾ ਕਰਮਚਾਰੀਆਂ ਨੂੰ ਪੱਕਾ ਕਰਨਾ**

**249. ਸ੍ਰੀ ਅਮਨ ਅਰੋੜਾ, ਐਮ.ਐਲ.ਏ**:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸਿੱਖਿਆ ਵਿਭਾਗ ਵਿਚ ਸਰਵ ਸਿੱਖਿਆ ਅਭਿਆਨ ਸੁਸਾਇਟੀ ਅਧੀਨ ਪਿੱਛਲੇ ਤਕਰੀਬਨ 10 ਸਾਲਾਂ ਤੋਂ ਪੰਜਾਬ ਦੇ ਜਿਲ੍ਹਾ ਸਿੱਖਿਆ ਦਫਤਰਾਂ ਅਤੇ ਬਲਾਕ ਸਿੱਖਿਆ ਦਫਤਰਾਂ ਵਿਚ ਕਰਮਚਾਰੀ ਠੇਕਾ ਅਧਾਰ ਤੇ ਸੇਵਾ ਨਿਭਾ ਰਹੇ ਹਨ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੈ ਤਾਂ ਕੀ ਇਹ ਵੀ ਠੀਕ ਹੈ ਕਿ ਸਾਲ 2016 ਵਿੱਚ ਪਹਿਲੀ ਸਰਕਾਰ ਨੇ 27000 ਠੇਕਾ ਮੁਲਾਜਮਾਂ ਨੂੰ ਪੱਕੇ ਕਰਨ ਦਾ ਐਕਟ ਬਣਾਇਆ ਸੀ ਪਰ ਚੋਣ ਜਾਬਤਾ ਲਾਗੂ ਹੋਣ ਕਰਕੇ ਨੋਟੀਫਿਕੇਸ਼ਨ ਨਹੀਂ ਸੀ ਹੋ ਸਕਿਆ; ਜੇਕਰ ਅਜਿਹਾ ਹੋਵੇ ਤਾਂ ਕੀ ਮੌਜੂਦਾ ਸਰਕਾਰ ਉਪਰੋਕਤ ਐਕਟ ਨੂੰ ਲਾਗੂ ਕਰਨ ਲਈ ਕੋਈ ਵਿਚਾਰ ਰੱਖਦੀ ਹੈ?

**ਪੁਰਾਣੀ ਪੈਨਸ਼ਨ ਸਕੀਮ ਦੁਬਾਰਾ ਲਾਗੂ ਕਰਨਾ**

**250. ਸ੍ਰੀ ਅਮਨ ਅਰੋੜਾ, ਐਮ.ਐਲ.ਏ**:- ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪੰਜਾਬ ਦੇ ਆਪਣੇ ਮੁਲਾਜਮਾਂ ਦੀ ਪੁਰਾਣੀ ਪੈਨਸ਼ਨ ਸਕੀਮ ਨੂੰ ਦੁਬਾਰਾ ਲਾਗੂ ਕਰਨ ਬਾਰੇ ਕੋਈ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੈ ਤਾਂ ਕਦੋਂ ਤੱਕ?

**11ਵੀਂ, 12ਵੀਂ ਜਮਾਤ ਦੇ ਇਤਿਹਾਸ ਵਿਸ਼ੇ ਦੀਆਂ ਕਿਤਾਬਾਂ ਦੇ ਸਿਰਲੇਖ ਅਤੇ ਵਿਦਿਆਰਥੀਆਂ ਦੀ ਗਿਣਤੀ**

**253. ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਐਮ.ਐਲ.ਏ**:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਵਿਦਿਅਕ ਸਾਲ 2017-18 ਅਤੇ 2018-19 ਲਈ 11ਵੀਂ ਅਤੇ 12ਵੀਂ ਜਮਾਤ ਵਿਚ "ਇਤਿਹਾਸ" ਵਿਸ਼ਾ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਕਿੰਨੀ ਹੈ;

ਅ) ਵਿਦਿਅਕ ਸਾਲ 2017-18 ਅਤੇ 2018-19 ਲਈ ਗਿਆਰਵੀਂ ਅਤੇ ਬਾਰ੍ਹਵੀਂ ਜਮਾਤ ਵਿਚ "ਇਤਿਹਾਸ" ਵਿਸ਼ਾ ਪੜ੍ਹਾਉਣ ਲਈ ਸ਼ਿਫ਼ਾਰਸ਼ ਕੀਤੀਆਂ ਕਿਤਾਬਾਂ ਦੇ ਸਿਰਲੇਖ ਕੀ-ਕੀ ਹਨ;

ੲ) ਵਿੱਦਿਅਕ ਸਾਲ 2017-18 ਅਤੇ 2018-19 ਲਈ 11ਵੀਂ ਅਤੇ 12ਵੀਂ ਜਮਾਤ ਲਈ "ਇਤਿਹਾਸ" ਵਿਸ਼ਾ ਪੜ੍ਹਾਉਣ ਲਈ ਨਿਰਧਾਰਤ ਕੀਤੇ ਸਿਲੇਬਸ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਵੇ?

ਪਰਤੋਂ ਜੀ....

ਸਮਸ਼ਿਆ 13.2.19

## ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨਾ

**267. ਸਰਦਾਰ ਅਮਰਜੀਤ ਸਿੰਘ ਸੰਦੋਆ, ਐਮ.ਐਲ.ਏ :-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਰਾਜ ਵਿਚ ਜਿਹੜੇ ਕਰਮਚਾਰੀ ਸਾਲ 1993-94 ਤੋਂ ਨਗਰ ਪੰਚਾਇਤਾਂ ਵਿੱਚ ਕੰਟਰੈਕਟ ਬੇਸ ਤੇ ਕੰਮ ਕਰ ਰਹੇ ਹਨ ਉਨ੍ਹਾਂ ਕਰਮਚਾਰੀਆਂ ਨੂੰ ਸਰਕਾਰ ਵੱਲੋਂ ਸਾਲ 2010-11 ਵਿਚ ਪੱਕੇ ਕੀਤਾ ਗਿਆ ਸੀ;

ਅ) ਕੀ ਕੁੱਝ ਨਗਰ ਪੰਚਾਇਤਾਂ ਨੇ ਉਨ੍ਹਾਂ ਕਰਮਚਾਰੀਆਂ ਲਈ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰ ਦਿੱਤੀ ਹੈ;

ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਸਰਕਾਰ ਬਾਕੀ ਰਹਿੰਦੀਆਂ ਨਗਰ ਪੰਚਾਇਤਾਂ ਦੇ ਕਰਮਚਾਰੀਆਂ ਲਈ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਲਈ ਵਿਚਾਰ ਕਰੇਗੀ?

## ਸਰਹਿੰਦ ਫੀਡਰ ਦੀਆਂ ਮਾਈਨਰਾਂ ਦੇ ਰਕਬੇ, ਮੋਘਿਆਂ ਅਤੇ ਪਾਣੀ ਦੀ ਮੰਜ਼ੂਰ ਮਾਤਰਾ

268. **ਸ਼੍ਰੀ ਨੱਥੂ ਰਾਮ, ਐਮ.ਐਲ.ਏ.:-** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਸਰਹਿੰਦ ਫੀਡਰ ਵਿਚੋਂ ਨਿਕਲਦੀ ਮਲੂਕਪੁਰ ਮਾਈਨਰ, ਅਬੋਹਰ ਬ੍ਰਾਂਚ, ਲੰਬੀ ਮਾਈਨਰ ਤੇ ਸੁਖਚੈਨ ਮਾਈਨਰ ਹੈੱਡ ਤੋਂ ਲੈ ਕੇ ਟੇਲ ਤੱਕ ਮਾਈਨਰ ਦੀ ਕਮਾਂਡ ਹੇਠ ਕਿੰਨ੍ਹਾਂ ਰਕਬਾ ਕਮਾਂਡ ਹੈ, ਕਿੰਨੇ ਮੋਘੇ ਮੰਜੂਰ ਹਨ ਅਤੇ ਕਿੰਨਾਂ ਕਿਉਸਿਕ ਪਾਣੀ ਮੰਜੂਰ ਹੈ?

**ਅ)** ਪਿਛਲੇ 10 ਸਾਲਾਂ ਵਿਚ ਕਿੰਨੇ ਨਵੇਂ ਮੋਘੇ ਪਾਸ ਹੋਏ ਹਨ ਤੇ ਕਿੰਨੇ ਏਕੜ ਹੋਰ ਰਕਬਾ ਕਮਾਂਡ ਹੇਠ ਹੋਇਆ ਹੈ;

**ੲ)** ਪਿਛਲੇ 10 ਸਾਲਾਂ ਵਿਚ ਕਿੰਨੇ ਏਕੜ ਰਕਬਾ ਅਨ-ਕਮਾਂਡ ਹੋਇਆ ਹੈ;

**ਸ)** ਪਿਛਲੇ 10 ਸਾਲਾਂ ਵਿਚ ਮੋਘੇ ਤੇ ਰਕਬਾ ਤਾਂ ਹੋਰ ਵਧਾਇਆ ਗਿਆ ਹੈ ਪਰ ਕੀ ਮੋਘੇ ਦਾ ਸਾਇਜ਼ ਤੇ ਪਾਣੀ ਵੀ ਵਧਾਇਆ ਗਿਆ ਹੈ?

## ਅਨੁਸੂਚਿਤ ਜਾਤੀ/ਪਛੜੀਆਂ ਸ਼੍ਰੇਣੀਆ ਦੇ ਗਰੀਬ ਲੋਕਾਂ ਨੂੰ ਘਰ ਬਣਾ ਕੇ ਦੇਣਾ

269. **ਸ਼੍ਰੀ ਪਵਨ ਕੁਮਾਰ ਟੀਨੂੰ, ਐਮ.ਐਲ.ਏ.:-** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਸਰਕਾਰ ਵੱਲੋਂ ਮਾਰਚ, 2017 ਤੋਂ ਮਿਤੀਬੱਧ ਤੱਕ ਰਾਜ ਦੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਕਿੰਨੇ ਲੋੜਵੰਦ ਗ਼ਰੀਬ ਲੋਕਾਂ ਨੂੰ ਘਰ ਬਣਾ ਕੇ ਦਿੱਤੇ ਹਨ ਅਤੇ ਕਿੰਨੇ ਘਰਾਂ ਦਾ ਕੰਮ ਅਜੇ ਅਧੂਰਾ ਪਿਆ ਹੈ, ਲਾਭਪਾਤਰੀਆਂ ਦਾ ਜ਼ਿਲ੍ਹਾਵਾਰ ਵੇਰਵਾ ਦਿੱਤਾ ਜਾਵੇ?

## ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਤਕਨੀਕੀ ਵਿੰਗ ਵਲੋਂ ਕਰਵਾਏ ਕੰਮਾਂ ਦੇ ਵੇਰਵੇ

270. ਸਰਦਾਰ ਕੁਲਵੰਤ ਸਿੰਘ ਪੰਡੋਰੀ, ਐਮ.ਐਲ.ਏ.:- ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪਿਛਲੀ ਅਕਾਲੀ ਭਾਜਪਾ ਸਰਕਾਰ ਦੇ ਕਾਰਜਕਾਲ ਸਮੇਂ ਬਾਰਡਰ ਏਰੀਆ ਵਿਕਾਸ ਫੰਡ, ਸਰਵ ਸਿੱਖਿਆ ਅਭਿਆਨ, ਕੈਟਲ ਫੇਅਰ ਗਰਾਂਉਡਾਂ ਦੀ ਉਸਾਰੀ, ਪੁੱਡਾ ਵੱਲੋਂ ਜਾਰੀ ਫੰਡਾਂ, ਸੁਵਿਧਾ ਕੇਂਦਰਾਂ ਤੇ ਵਿਕਾਸ ਭਵਨ ਦੀ ਉਸਾਰੀ ਲਈ ਜਾਰੀ ਫੰਡਾਂ ਵਿੱਚੋਂ ਜਿਹੜੇ ਕੰਮ ਮਹਿਕਮੇ ਦੇ ਤਕਨੀਕੀ ਵਿੰਗ ਵੱਲੋਂ ਕਰਵਾਏ ਗਏ ਹਨ, ਉਹਨਾਂ ਦੇ ਵੇਰਵੇ ਕੀ ਹਨ;

ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਕੰਮਾਂ ਵਿਚੋਂ ਜਿਹੜੇ ਕੰਮ 5 ਲੱਖ ਤੋਂ ਵੱਧ ਕੀਮਤ ਦੇ ਸਨ ਉਨ੍ਹਾਂ ਦੀ ਤਕਨੀਕੀ ਪ੍ਰਬੰਧਕੀ ਪ੍ਰਵਾਨਗੀ ਅਤੇ ਵਰਤੋਂ ਸਰਟੀਫਿਕੇਟਾਂ ਦੀਆਂ ਕਾਪੀਆਂ ਸਦਨ ਦੀ ਮੇਜ ਤੇ ਰੱਖੀਆਂ ਜਾਣ;

ੲ) ਕੀ ਉਕਤ ਕੰਮਾਂ ਦੀ ਉਸਾਰੀ ਵਿਚ ਹੋਏ ਭ੍ਰਿਸ਼ਟਾਚਾਰ ਦੀ ਸੀ.ਬੀ.ਆਈ ਜਾਂਚ ਕਰਵਾਉਣ ਲਈ ਕੋਈ ਕੇਸ ਉੱਚ ਅਦਾਲਤ ਵਿੱਚ ਚਲ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਉਸ ਦੇ ਵੇਰਵੇ ਕੀ ਹਨ?

## ਹਲਕਾ ਮਹਿਲ ਕਲਾਂ ਵਿੱਚ ਆਈਆਂ ਗ੍ਰਾਂਟਾਂ ਦੇ ਵੇਰਵੇ

271. ਸਰਦਾਰ ਕੁਲਵੰਤ ਸਿੰਘ ਪੰਡੋਰੀ, ਐਮ.ਐਲ.ਏ.:- ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿੰਡ ਗਾਗੇਵਾਲ, ਸਹਿਜੜਾ ਅਤੇ ਧਨੇਰ, ਹਲਕਾ ਮਹਿਲ ਕਲਾਂ ਵਿੱਚ ਪਿੱਛਲੇ 10 ਸਾਲਾਂ ਵਿੱਚ ਕਿੰਨੀ-ਕਿੰਨੀ ਗ੍ਰਾਂਟ ਆਈ ਅਤੇ ਉਹ ਕਿੱਥੇ ਕਿੱਥੇ ਵਰਤੀ ਗਈ ਅਤੇ ਕੀ ਉਸਦੇ ਵਰਤੋਂ ਸਰਟੀਫਿਕੇਟ ਦਿੱਤੇ ਗਏ?

## ਐਫ.ਆਈ.ਆਰ ਤੇ ਕੀਤੀ ਕਾਰਵਾਈ ਸਬੰਧੀ

272. ਸਰਦਾਰ ਸੁਖਪਾਲ ਸਿੰਘ ਭੁੱਲਰ, ਐਮ.ਐਲ.ਏ.:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੁਲਿਸ ਥਾਣਾ ਪੱਟੀ (ਜ਼ਿਲ੍ਹਾ ਤਰਨਤਾਰਨ) ਵਿੱਖੇ ਸਾਲ 1983 ਵਿੱਚ ਧਾਰਾ 302/34 ਅਧੀਨ ਦਰਜ ਐਫ.ਆਈ.ਆਰ ਨੰ. 346 ਅਜੇ ਤੱਕ ਕਾਰਵਾਈ ਲਈ ਪੈਂਡਿੰਗ ਪਈ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਦੁਆਰਾ ਉਕਤ ਕੇਸ ਵਿੱਚ ਕਾਨੂੰਨ ਮੁਤਾਬਿਕ ਕੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਚੱਲ ਰਹੀ ਪੜਤਾਲ ਦੇ ਵੇਰਵੇ ਕੀ ਹਨ?

## ਲਾਲ ਲਕੀਰ ਨੂੰ ਖਤਮ ਕਰਨਾ

**277. ਸਰਦਾਰ ਸਿਮਰਜੀਤ ਸਿੰਘ ਬੈਂਸ, ਐਮ.ਐਲ.ਏ:-** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਸਰਕਾਰ ਪੰਜਾਬ ਦੇ ਅਵਾਮ ਨੂੰ ਪੇਸ਼ ਆ ਰਹੀਆਂ ਔਕੜਾਂ ਨੂੰ ਧਿਆਨ ਵਿਚ ਰੱਖਦੇ ਹੋਵੇ ਅੰਗਰੇਜ ਸਰਕਾਰ ਦੁਆਰਾ ਸਥਾਪਿਤ ਕੀਤੀ ਗਈ ਲਾਲ ਲਕੀਰ ਨੂੰ ਖਤਮ ਕਰਨ ਤੇ ਵਿਚਾਰ ਕਰੇਗੀ ਤਾਂ ਜੋ ਇਸ ਤੋਂ ਪ੍ਰਭਾਵਿਤ ਲੋਕਾਂ ਨੂੰ ਰਿਹਾਇਸ਼ੀ ਮਾਲਿਕਾਨਾ ਹੱਕ ਦਿਤੇ ਜਾ ਸਕਣ; ਜੇਕਰ ਅਜਿਹਾ ਹੋਵੇ ਤਾਂ ਇਸ ਸਬੰਧੀ ਕਾਰਵਾਈ ਕਦੋਂ ਤੱਕ ਆਰੰਭ ਕਰ ਦਿਤੀ ਜਾਵੇਗੀ?

## ਪ੍ਰਾਈਵੇਟ ਕੰਪਨੀਆਂ ਦੀਆਂ ਏ.ਸੀ. ਬੱਸਾਂ ਲਈ ਜਾਰੀ ਕੀਤੇ ਰੂਟ ਪਰਮਿਟਾਂ ਦਾ ਵੇਰਵਾ

**278. ਸਰਦਾਰ ਕੁਲਬੀਰ ਸਿੰਘ ਜ਼ੀਰਾ, ਐਮ.ਐਲ.ਏ.:-** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਮਾਰਚ 2013 ਤੋਂ ਹੁਣ ਤੱਕ ਸਰਕਾਰ ਵੱਲੋਂ ਪ੍ਰਾਈਵੇਟ ਕੰਪਨੀਆਂ ਦੀਆਂ ਏ.ਸੀ. ਬੱਸਾਂ ਲਈ ਕੰਪਨੀ ਵਾਈਜ ਕਿੰਨੇ ਰੂਟ ਪਰਮਿਟ ਜਾਰੀ ਕੀਤੇ ਗਏ ਹਨ ਅਤੇ ਇਹ ਰੂਟ ਪਰਮਿਟ ਜਾਰੀ ਕਰਨ ਲਈ ਕੀ ਕੀ ਮਾਪਦੰਡ ਅਪਨਾਏ ਗਏ ਹਨ;

**ਅ)** ਕੀ ਜ਼ੀਰਾ ਤੋਂ ਚੰਡੀਗੜ੍ਹ ਤੱਕ ਏ.ਸੀ. ਬੱਸ ਚਲਾਉਣ ਦਾ ਸਰਕਾਰ ਵਿਚਾਰ ਰੱਖਦੀ ਹੈ?

## ਪੁਲਿਸ ਕਾਂਸਟੇਬਲ ਤੋਂ ਲੈ ਕੇ ਇਨਸਪੈਕਟਰ ਰੈਂਕ ਤੱਕ ਮਿਲਣ ਵਾਲੇ ਰਾਸ਼ਨ ਭੱਤੇ ਦਾ ਵੇਰਵਾ

**279. ਸਰਦਾਰ ਕੁਲਬੀਰ ਸਿੰਘ ਜ਼ੀਰਾ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਸਾਲ 1990 ਤੋਂ ਹੁਣ ਤੱਕ ਪੁਲਿਸ ਕਾਂਸਟੇਬਲ ਤੋਂ ਲੈ ਕੇ ਇਨਸਪੈਕਟਰ ਰੈਂਕ ਤੱਕ ਪ੍ਰਤੀ ਮਹੀਨਾ ਕਿੰਨਾ ਰਾਸ਼ਨ ਭੱਤਾ ਮਿਲਦਾ ਹੈ ਅਤੇ ਕੀ ਸਰਕਾਰ ਦੀ ਇਹ ਭੱਤਾ ਵਧਾਉਣ ਦੀ ਕੋਈ ਤਜਵੀਜ਼ ਹੈ;

**ਅ)** ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੈ ਤਾਂ ਇਹ ਭੱਤਾ ਕਿੰਨੇ ਰੁਪਏ ਪ੍ਰਤੀ ਮਹੀਨਾ ਵਧਾਉਣ ਦਾ ਵਿਚਾਰ ਹੈ?

## ਪੁਲਿਸ ਕਾਂਸਟੇਬਲ ਤੋਂ ਲੈ ਕੇ ਇਨਸਪੈਕਟਰ ਰੈਂਕ ਤੱਕ ਦੀ ਵਰਦੀ ਸਬੰਧੀ

**280. ਸਰਦਾਰ ਕੁਲਬੀਰ ਸਿੰਘ ਜ਼ੀਰਾ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਸਾਲ 1990 ਤੋਂ ਹੁਣ ਤੱਕ ਪੁਲਿਸ ਕਾਂਸਟੇਬਲ ਤੋਂ ਲੈ ਕੇ ਇਨਸਪੈਕਟਰ ਰੈਂਕ ਤੱਕ ਵਰਦੀ (ਠੰਡੀ/ਗਰਮ) ਮੁਹੱਈਆ ਕਰਵਾਈ ਜਾ ਰਹੀ ਹੈ ਅਤੇ ਜੇਕਰ ਵਰਦੀ ਮੁਹੱਈਆ ਨਹੀਂ ਕਰਵਾਈ ਜਾ ਰਹੀ ਤਾਂ ਵਰਦੀ ਭੱਤਾ ਕਿੰਨੇ ਰੁਪਏ ਦਿੱਤਾ ਜਾ ਰਿਹਾ ਹੈ;

**ਅ)** ਕੀ ਸਰਕਾਰ ਵਰਦੀ ਭੱਤਾ ਵਧਾਉਣ ਦੀ ਕੋਈ ਤਜਵੀਜ਼ ਰੱਖਦੀ ਹੈ; ਜੇਕਰ ਹੈ ਤਾਂ ਕਿੰਨੇ ਰੁਪਏ ਕੀਤੇ ਜਾ ਰਹੇ ਹਨ?

ਚੰਡੀਗੜ੍ਹ
ਮਿਤੀ 13 ਫਰਵਰੀ, 2019

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।